# ਮੇਰਾ ਕੈਲੀਫੋਰਨੀਆ ਭਾਈਚਾਰਾ ਟੂਲ

ਹਰ ਦਸ ਵਰ੍ਹਿਆਂ ਵਿੱਚ, ਯੂ.ਐਸ. ਦੀ ਜਨਗਣਨਾ ਤੋਂ ਬਾਅਦ, ਨਵਾਂ ਅਬਾਦੀ ਡੇਟਾ ਦਰਸਾਉਣ ਲਈ, ਕੈਲੀਫੋਰਨੀਆ ਵਾਸਤੇ ਆਪਣੇ Congressional (ਕਾਂਗਰਸ ਸੰਬੰਧੀ), State Senate (ਰਾਜ ਦੀ ਸੈਨੇਟ), State Assembly (ਰਾਜ ਅਸੈਂਬਲੀ) ਅਤੇ State Board of Equalization (ਸਟੇਟ ਸਮਾਨਤਾ ਬੋਰਡ) ਜ਼ਿਲ੍ਹਿਆਂ ਦੀਆਂ ਸੀਮਾਵਾਂ ਦਾ ਦੁਬਾਰਾ ਖਾਕਾ ਬਣਾਉਣਾ ਲਾਜ਼ਮੀ ਹੁੰਦਾ ਹੈ। Voters FIRST Act (2008) (ਵੋਟਰ ਸਭ ਤੋਂ ਅੱਗੇ) ਨੇ ਕੈਲੀਫੋਰਨੀਆ ਦੇ ਲੋਕਾਂ ਨੂੰ ਇਹ ਅਧਿਕਾਰ ਦਿੱਤਾ ਹੈ ਕਿ ਉਹ ਕੈਲੀਫੋਰਨੀਆ ਸਿਟੀਜ਼ਨ ਰੀਡਿਸਟ੍ਰਿਕਟਿੰਗ ਕਮਿਸ਼ਨ (California Citizens Redistricting Commission) (ਕਮਿਸ਼ਨ) ਦੀ ਰਚਨਾ ਕਰ ਸਕਦੇ ਹਨ। ਕਮੀਸ਼ਨ ਅਜਿਹੇ ਨਿਰਪੱਖ ਜ਼ਿਲ੍ਹਿਆਂ ਦਾ ਖਾਕਾ ਬਣਾਉਣ ਲਈ ਵਚਨਬੱਧ ਹੈ, ਜੋ ਲੋਕਾਂ ਦੀਆਂ ਬਿਹਤਰ ਰੁਚੀਆਂ ਦਰਸਾਉਂਦੇ ਹਨ, ਅਹੁਦੇਦਾਰ ਸਿਆਸਤਦਾਨਾਂ ਦੀਆਂ ਨਹੀਂ।

ਪਰੰਤੂ ਅਜਿਹਾ ਕਰਨ ਲਈ, ਸਾਨੂੰ ਤੁਹਾਡੇ ਸੁਝਾਵਾਂ ਦੀ ਲੋੜ ਹੈ! ਇਸ ਦਸਤਾਵੇਜ਼ ਰਾਹੀਂ, ਤੁਸੀਂ ਕਮੀਸ਼ਨ ਨੂੰ ਇਹ ਦੱਸ ਕੇ ਕਿ ਤੁਹਾਡੇ ਲਈ ਕੀ ਮਹੱਤਵਪੂਰਣ ਹੈ, ਆਪਣੇ ਭਾਈਚਾਰੇ ਦੇ ਨਕਸ਼ੇ ਦੇ ਖਾਕਾ ਬਣਾ ਕੇ ਅਤੇ ਸਿੱਧੇ ਕਮੀਸ਼ਨ ਨੂੰ ਆਪਣੇ ਭਾਈਚਾਰੇ ਦਾ ਫੀਡਬੈਕ ਜਮ੍ਹਾਂ ਕਰਕੇ, ਇਹ ਯਕੀਨੀ ਬਣਾ ਸਕਦੇ ਹੋ ਕਿ ਕਮੀਸ਼ਨ ਨੂੰ ਤੁਹਾਡੇ ਭਾਈਚਾਰੇ ਬਾਰੇ ਪਤਾ ਹੈ। ਤੁਸੀਂ ਇਸ ਪੇਪਰ ਦਸਤਾਵੇਜ਼ ਦਾ ਇਲੈਕਟ੍ਰੋਨਿਕ ਸੰਸਕਰਨ DrawMyCACommunity.org ‘ਤੇ ਵੀ ਜਮ੍ਹਾਂ ਕਰ ਸਕਦੇ ਹੋ। ਕੈਲੀਫੋਰਨੀਆ ਵਿੱਚ ਰਹਿਣ ਵਾਲੇ ਹਰ ਵਿਅਕਤੀ ਨੂੰ ਇਸ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਭਾਗੀਦਾਰਾਂ ਨੂੰ ਵਧਾਉਣ ਲਈ ਡਾਕ ਟਿਕਟ ਦਾ ਖ਼ਰਚ ਕਮੀਸ਼ਨ ਵੱਲੋਂ ਕੀਤਾ ਗਿਆ ਹੈ। ਅਸੀਂ ਤੁਹਾਡੇ ਜਵਾਬ ਦੀ ਉਡੀਕ ਕਰ ਰਹੇ ਹਾਂ!

**3 ਅਸਾਨ ਵਿਚਾਰ-ਵਟਾਂਦਰਿਆਂ ਵਿੱਚ ਹਿੱਸਾ ਲਵੋ**

| | | |
|---|---|---|
|  |  |  |
| #1<br><br>ਵਰਣਨ ਕਰੋ<br>ਆਪਣਾ ਭਾਈਚਾਰਾ | #2<br><br>ਖਾਕਾ ਬਣਾਓ<br>ਨਕਸ਼ੇ ‘ਤੇ ਆਪਣਾ ਭਾਈਚਾਰਾ | #3<br><br>ਭੇਜੋ<br>ਕਮੀਸ਼ਨ ਨੂੰ ਸਿੱਧੇ ਆਪਣਾ ਹਲਫ਼ੀਆ ਬਿਆਨ |

ਉਦਾਹਰਨ #1

ਮੈਂ Oak Knoll Valley ਨਾਮਕ Farmers Branch ਦੇ ਵੱਖਰੇ ਖੇਤਰ ਵਿੱਚ ਰਹਿੰਦਾ/ਰਹਿੰਦੀ ਹਾਂ। ਗਵਾਂਢ, ਪੱਛਮ ਵੱਲ ਹਾਈਵੇ 9 ਅਤੇ ਪੂਰਬ ਵੱਲ Sunnyside River ਦੇ ਵਿਚਕਾਰ ਸੀਮਾਬੱਧ ਹੈ। ਇਹ ਮੁੱਖ ਤੌਰ ‘ਤੇ ਵਿਵਸਾਇਕ ਅਤੇ ਮਿਲੀ-ਜੁਲੀ ਵਰਤੋਂ ਲਈ ਘੇਰੇ ਹੋਏ ਕੁਝ ਖੇਤਰਾਂ ਵਾਲਾ ਰਿਹਾਇਸ਼ੀ ਖੇਤਰ ਹੈ, ਖ਼ਾਸ ਕਰਕੇ ਨਦੀ ਦੇ ਨਾਲ-ਨਾਲ। Oak Knoll Valley ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ, ਮੁੱਖ ਤੌਰ ‘ਤੇ ਅੰਗਰੇਜ਼ੀ ਅਤੇ ਸਪੇਨਿਸ਼ ਹਨ, ਪਰ ਕੁਝ ਨਿਵਾਸੀ ਵਿਯਤਨਾਮੀ ਅਤੇ ਮੈਂਡਰਿਨ ਵੀ ਬੋਲਦੇ ਹਨ। Oak Knoll Valley ਤੋਂ ਨਦੀ ਦੇ ਪਾਰ, River Glen ਦਾ ਭਾਈਚਾਰਾ ਹੈ, ਜੋ ਸਾਡੇ ਭਾਈਚਾਰੇ ਵਰਗਾ ਹੀ ਹੈ ਕਿਉਂਕਿ ਇਹ ਮੁੱਖ ਤੌਰ ‘ਤੇ ਰਿਹਾਇਸ਼ੀ ਹੈ। ਅਸੀਂ ਇੱਕੋ ਸਕੂਲ ਜ਼ਿਲ੍ਹੇ ਵਿੱਚ ਹਾਂ, ਅਤੇ ਜਿਸ ਹਾਈ ਸਕੂਲ ਵਿੱਚ Oak Knoll ਦੇ ਵਿਦਿਆਰਥੀ ਪੜ੍ਹਦੇ ਹਨ, ਉਹ River Glen ਵਿੱਚ ਹੈ। ਇਹ ਠੀਕ ਰਹੇਗਾ ਕਿ ਅਸੀਂ ਇੱਕੋ ਵਿਧਾਨਕ ਜਾਂ ਕਾਂਗਰਸ ਜ਼ਿਲ੍ਹੇ ਵਿੱਚ ਸ਼ਾਮਲ ਹੋ ਜਾਈਏ।

ਉਦਾਹਰਨ #2

ਮੈਂ Bear City ਵਿੱਚ ਰਹਿੰਦਾ/ਰਹਿੰਦੀ ਹਾਂ, ਜੋ ਹਾਈਵੇ-9 ਅਤੇ 5-ਇੰਟਰਸਟੇਟ ਰਸਤੇ ਦੇ ਨਾਲ ਲੱਗਦਾ ਇੰਡਸਟ੍ਰੀਅਲ ਅਤੇ ਵਿਵਸਾਇਕ ਖੇਤਰ ਹੈ। ਸਾਡਾ ਭਾਈਚਾਰਾ Maple Street ਤੋਂ Oak Street ਅਤੇ Green Drive ਅਤੇ Fork Road ਤੋਂ ਸੰਚਾਲਿਤ ਹੁੰਦਾ ਹੈ। ਜ਼ਿਆਦਾਤਰ ਨਿਵਾਸੀ ਮਲਟੀ-ਫੈਮਿਲੀ ਅਪਾਰਟਮੈਂਟ ਇਮਾਰਤਾਂ ਵਿੱਚ ਰਹਿੰਦੇ ਹਨ, ਅਤੇ ਉਹਨਾਂ ਵਿੱਚੋਂ ਕਈ ਇਸ ਖੇਤਰ ਵਿੱਚ ਨਵੇਂ ਆਏ ਹਨ। Bear City ਦਾ ਆਪਣਾ ਸਕੂਲ ਜ਼ਿਲ੍ਹਾ ਹੈ, ਅਤੇ ਜ਼ਿਆਦਾਤਰ ਨਿਵਾਸੀ ਅੰਗਰੇਜ਼ੀ ਬੋਲਦੇ ਹਨ। ਸਾਡੇ ਭਾਈਚਾਰੇ ਨੂੰ River City ਦੇ ਨਾਲ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ, ਜੋ 5-ਇੰਟਰਸਟੇਟ ਰਸਤੇ ਦੇ ਦੂਜੇ ਪਾਸੇ ‘ਤੇ ਹੈ। River City ਵਿੱਚ ਸਿੰਗਲ-ਫੈਮਿਲੀ ਹੋਮ ਹਨ ਅਤੇ ਉਹਨਾਂ ਦੀਆਂ ਲੋੜਾਂ ਸਾਡੀਆਂ ਲੋੜਾਂ ਤੋਂ ਵੱਖਰੀਆਂ ਹਨ।

ਨਕਸ਼ਿਆਂ ਵਿੱਚ ਸਾਡੇ ਲਈ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ – ਸਟ੍ਰੀਟਸ, ਹਾਈਵੇਜ਼, ਜਾਂ ਕੁਦਰਤੀ ਵਿਸ਼ੇਸ਼ਤਾਵਾਂ, ਜੋ ਭਾਈਚਾਰੇ ਦੀਆਂ ਸੀਮਾਵਾਂ ਹਨ – ਤਾਂ ਜੋ ਅਸੀਂ ਸਮਝ ਸਕੀਏ ਕਿ ਤੁਹਾਡੀ ਰੁਚੀ ਵਾਲਾ ਭਾਈਚਾਰਾ ਕਿੱਥੇ ਸਥਿਤ ਹੈ। ਉਹਨਾਂ ਨੂੰ ਇਸਤੋਂ ਵੱਧ ਕਿਸੇ ਵੇਰਵੇ ਦੀ ਲੋੜ ਨਹੀਂ ਹੈ।